ਪੰਜਾਬ ਸਰਕਾਰ
**ਰਾਸ਼ਟਰੀ ਸਿਹਤ ਮਿਸ਼ਨ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38-ਬੀ ਚੰਡੀਗੜ, 160036
**Phone.** 0172-4012011, 4012012, **Fax:** 0172-4012013

ਨੰ. ਰ.ਸ.ਮ./ਪੰ./20/ਐਮ.ਐਚ.ਆਰ/ 48396 ਮਿਤੀ- 8/05/2020

## ਹੁਕਮ

ਪੰਜਾਬ ਸਰਕਾਰ ਵੱਲੋਂ COVID-19 ਦੀ ਮਾਹਾਮਾਰੀ ਦੌਰਾਨ ਜਰੂਰੀ ਸੇਵਾਂਵਾ ਪ੍ਰਦਾਨ ਕਰ ਰਹੇ ਰਾਸ਼ਟਰੀ ਸਿਹਤ ਮਿਸ਼ਨ, ਪੰਜਾਬ ਅਧੀਨ ਠੇਕੇ ਤੇ ਤੈਨਾਤ ਕਰਮਚਾਰੀਆਂ(ਰਾਸ਼ਟਰੀ ਸਿਹਤ ਪ੍ਰੋਗਰਾਮਾ ਦੇ ਕਰਮਚਾਰੀਆਂ ਸਮੇਤ) ਦੀਆਂ ਮਾਨਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ਜੀ ਅਤੇ ਹੋਰ ਉੱਚ ਅਧਿਕਾਰੀਆਂ ਸਹਿਬਾਂਨਾ ਦੇ ਸਨਮੁੱਖ ਰੱਖੀਆਂ ਮੰਗਾਂ ਸਬੰਧੀ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕੀਤੇ ਜਾਂਦੇ ਹਨ:-

1. ਪੰਜਾਬ ਸਰਕਾਰ ਅਧੀਨ ਕਿਸੇ ਵੀ ਸਰਕਾਰੀ ਹਸਪਤਾਲ ਵਿਚ ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਅਧੀਨ ਠੇਕੇ ਤੇ ਕੰਮ ਕਰ ਰਹੇ ਕਿਸੇ ਵੀ ਕਰਮਚਾਰੀ ਤੋਂ ਇਲਾਜ ਲਈ ਪੰਜਾਬ ਸਰਕਾਰ ਦੇ ਹਸਪਤਾਲਾਂ ਵਿਚ ਪਰਚੀ ਫੀਸ ਨਹੀਂ ਲਈ ਜਾਵੇਗੀ ।

2. ਪੰਜਾਬ ਸਰਕਾਰ ਵੱਲੋਂ COVID-19 ਦੀ ਮਾਹਾਮਾਰੀ ਨਾਲ ਲੜ ਰਹੇ ਐਨ.ਐਚ.ਐਮ. ਅਧੀਨ ਠੇਕੇ ਤੇ ਤੈਨਾਤ ਸਮੂਹ ਕਰਮਚਾਰੀਆਂ (ਰਾਸ਼ਟਰੀ ਸਿਹਤ ਪ੍ਰੋਗਰਾਮਾ ਦੇ ਕਰਮਚਾਰੀਆਂ ਸਮੇਤ) ਨੂੰ ਮੌਜੂਦਾ ਤਨਖਾਹ ਉਪਰ 18% (6% ਸਲਾਨਾ ਵਾਧਾ+12% ਸਪੈਸ਼ਲ COVID-19 ਵਾਧਾ) ਦਾ ਵਾਧਾ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ।ਇਸ ਤਰਾਂ 6% ਦਾ ਸਲਾਨਾ ਵਾਧਾ ਪਹਿਲਾਂ ਦੀ ਤਰਾਂ ਨਿਯਮਾਂ ਅਨੁਸਾਰ ਸਾਲਾਨਾ ਕਾਰਗੁਜ਼ਾਰੀ ਵਾਚਣ ਉਪਰੰਤ ਠੇਕੇ ਦੀਆਂ ਸੇਵਾਂਵਾ ਵਿਚ ਵਾਧਾ ਕਰਨ ਸਮੇਂ ਦਿੱਤਾ ਜਾਵੇਗਾ ਅਤੇ 12% ਦਾ ਸਪੈਸ਼ਲ ਵਾਧਾ COVID-19 ਦੀ ਮਾਹਾਮਾਰੀ ਦੌਰਾਨ ਐਨ.ਐਚ.ਐਮ. ਮੁਲਾਜਮਾਂ ਦੀਆਂ ਸੇਵਾਂਵਾ ਲਈ ਮਿਤੀ 01.04.2020 ਤੋਂ ਦਿੱਤਾ ਜਾਵੇਗਾ।ਇਹ ਸਪਸ਼ਟ ਕੀਤਾ ਜਾਂਦਾ ਹੈ ਕਿ 12% ਦਾ ਸਪੈਸ਼ਲ ਵਾਧਾ ਸਿਰਫ 1 ਵਾਰ (One time measure only) ਲਈ ਹੀ ਲਾਗੂ ਹੋਵੇਗਾ ਅਤੇ ਅਗਲੇ ਸਾਲ (2021) ਵਿਚ ਨਿਯਮਾਂ ਅਨੁਸਾਰ 6% ਦਾ ਬਣਦਾ ਸਲਾਨਾ ਵਾਧਾ ਹੀ ਮਿਲਣਯੋਗ ਹੋਵੇਗਾ।

3. ਕੁਝ ਇਕ ਕੈਟੇਗਿਰੀਆਂ ਦੀ ਮੁਢਲੀ ਤਨਖਾਹ ਪਹਿਲਾਂ ਹੀ ਰਿਵਾਈਜ ਕਰਕੇ ਵਧਾਈ ਜਾ ਚੁੱਕੀ ਹੈ ਅਤੇ ਉਹਨਾਂ ਤੇ ਉਕਤ "ਨੰਬਰ 2" ਅਨੁਸਾਰ ਵਾਧਾ ਲਾਗੂ ਨਹੀਂ ਹੋਵੇਗਾ, ਪਰ ਨਿਯਮਾਂ ਅਨੁਸਾਰ ਸਲਾਨਾ 6% ਦਾ ਵਾਧਾ ਮਿਲਣਯੋਗ ਹੋਵੇਗਾ। ਜਿਵੇਂ ਕਿ:
   a. ਮਾਹਿਰ ਡਾਕਟਰਾਂ ਦੀ ਤਨਖਾਹ (ਦਫਤਰੀ ਹੁਕਮ ਨੰ. 31259 ਮਿਤੀ:-31.05.2019 ਰਾਂਹੀ ਵਧਾਈ ਜਾ ਚੁੱਕੀ ਹੈ।)
   b. ਮੈਡੀਕਲ ਅਫਸਰਾਂ (MBBS)-ਦੀ ਤਨਖਾਹ (ਦਫਤਰੀ ਹੁਕਮ ਨੰ./45503 ਮਿਤੀ 14.02.2020 ਰਾਂਹੀ ਵਧਾਈ ਜਾ ਚੁੱਕੀ ਹੈ)।
   c. ਸਟੇਟ ਪੱਧਰ ਤੇ ਸਹਾਇਕ ਪ੍ਰੋਗਰਾਮ ਅਫਸਰਾਂ ਦੀ ਤਨਖਾਹ ਪਹਿਲਾਂ ਹੀ ਵਧਾਈ ਜਾ ਚੁੱਕੀ ਹੈ।